ਨਵੇਂ ਡੀ.ਐਫ.ਸੀ. ਸੁਖਵਿੰਦਰ ਸਿੰਘ ਗਿੱਲ ਦਾ ਸਵਾਗਤ ਕਰਨ ਸਮੇਂ ਜ਼ਿਲ੍ਹਾ ਮੋਗਾ ਦੇ ਡੀਪੂ ਹੋਲਡਰ ਆਗੂ। ਅਜੀਤ ਤਸਵੀਰ

ਸੁਖਵਿੰਦਰ ਸਿੰਘ ਗਿੱਲ ਨੇ ਡੀ.ਐਫ.ਸੀ. ਦਾ ਅਹੁਦਾ ਸੰਭਾਲਿਆ

ਮੋਗਾ, 28 ਅਕਤੂਬਰ (ਸੁਰਿੰਦਰਪਾਲ ਸਿੰਘ)-ਅੱਜ ਸੁਖਵਿੰਦਰ ਸਿੰਘ ਗਿੱਲ ਨੇ ਡੀ.ਐਫ.ਸੀ. ਜ਼ਿਲ੍ਹਾ ਮੋਗਾ ਦਾ ਚਾਰਜ ਸੰਭਾਲਿਆ। ਚਾਰਜ ਸੰਭਾਲਣ ਮੌਕੇ ਜ਼ਿਲ੍ਹੇ ਦੇ ਡੀਪੂ ਹੋਲਡਰਾਂ ਦੀ ਜਥੇਬੰਦੀ ਦੇ ਆਗੂਆਂ ਵਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਾਂਝੇ ਤੌਰ 'ਤੇ ਸ਼ੁੱਭਕਾਮਨਾਵਾਂ ਵੀ ਦਿੱਤੀਆਂ ਗਈਆਂ। ਡੀਪੂ ਹੋਲਡਰਾਂ ਨੇ ਦਰਪੇਸ਼ ਸਮੱਸਿਆਵਾਂ ਅਤੇ ਮੁਸ਼ਕਲਾਂ ਬਾਰੇ ਜ਼ਿਲ੍ਹਾ ਅਧਿਕਾਰੀ ਨੂੰ ਜਾਣੂੰ ਕਰਵਾਇਆ। ਨਵੇਂ ਅਧਿਕਾਰੀ ਨੇ ਡੀਪੂ ਹੋਲਡਰਾਂ ਦੀਆਂ ਸਮੱਸਿਆਵਾਂ ਅਤੇ ਮੁਸ਼ਕਲਾਂ ਨੂੰ ਬਹੁਤ ਹੀ ਸੁਖਾਵੇਂ ਮਾਹੌਲ 'ਚ ਸੁਣ ਕੇ ਉਨ੍ਹਾਂ ਸਾਰੀਆਂ ਦਾ ਸੂਝਬੂਝ ਨਾਲ ਨਿਪਟਾਰਾ ਕਰ ਦਿੱਤਾ। ਹਾਜ਼ਰ ਡੀਪੂ ਹੋਲਡਰ ਆਗੂਆਂ ਨੇ ਅਧਿਕਾਰੀ ਦਾ ਧੰਨਵਾਦ ਕਰਦਿਆਂ ਆਪਣੇ ਵਲੋਂ ਉਨ੍ਹਾਂ ਨੂੰ ਪੂਰਨ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਪ੍ਰਧਾਨ ਰਣਜੀਤ ਸਿੰਘ ਖੋਸਾ, ਪ੍ਰਧਾਨ ਦਿਲਵਾਰ ਸਿੰਘ ਨਿਧਾਂ ਵਾਲਾ, ਪ੍ਰਧਾਨ ਮੋਗਾ ਇੰਦਰਜੀਤ ਸਿੰਘ ਚੜਿੱਕ, ਬਿੱਟੂ ਗਰੇਵਰ ਪ੍ਰਧਾਨ ਅਜੀਤਵਾਲ, ਪ੍ਰਧਾਨ ਨਿਹਾਲ ਸਿੰਘ ਵਾਲਾ ਜਗਸੀਰ ਸਿੰਘ ਸੈਦੋਕੇ, ਗੁਰਮੀਤ ਸਿੰਘ ਭਿੰਡਰ ਪ੍ਰਧਾਨ ਬਿਲਾਸਪੁਰ, ਸੁਖਦੇਵ ਸਿੰਘ ਮਾਛੀਕੇ, ਵਿਪਨ ਕੁਮਾਰ ਨਿਹਾਲ ਸਿੰਘ ਵਾਲਾ, ਕਾਲ਼ਾ ਮੋਗਾ, ਪ੍ਰਦੀਪ ਸਿੰਘ ਬਰਾੜ ਅਤੇ ਰਾਜੂ ਡਾਲਾ, ਗੋਲਡੀ ਅਜੀਤਵਾਲ ਆਦਿ ਮੌਜੂਦ ਸਨ।

ਰਾਮਗੜ੍ਹੀਆ ਸੰਗਠਨ ਚੇਅਰਮੈਨ ਕੁਲਵੰਤ ਸਿੰਘ ਰਾਮਗੜ੍ਹੀਆ ਵਲੋਂ ਕੁਲਤਾਰ ਸਿੰਘ ਸੰਧਵਾਂ ਸਨਮਾਨਿਤ

ਮੋਗਾ, 28 ਅਕਤੂਬਰ (ਜਸਪਾਲ ਸਿੰਘ ਬੱਬੀ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਰਾਮਗੜ੍ਹੀਆ ਸੰਗਠਨ ਦੇ ਚੇਅਰਮੈਨ ਕੁਲਵੰਤ ਸਿੰਘ ਰਾਮਗੜ੍ਹੀਆ ਆਮ ਆਦਮੀ ਪਾਰਟੀ ਦੇ ਆਗੂ ਦੇ ਗ੍ਰਹਿ ਮੋਗਾ ਵਿਖੇ ਰਾਮਗੜ੍ਹੀਆ ਸੰਗਠਨ ਦੇ ਅਹੁਦੇਦਾਰ, ਮੈਂਬਰਾਂ ਤੇ ਆਮ ਆਦਮੀ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਨ ਲਈ ਪੁੱਜੇ। ਇਸ ਮੌਕੇ ਕੁਲਵੰਤ ਸਿੰਘ ਰਾਮਗੜ੍ਹੀਆ ਨੇ ਸੰਗਠਨ ਦੀਆਂ ਗਤੀਵਿਧੀਆਂ ਤੋ ਜਾਣੂੰ ਕਰਵਾਇਆ ਤੇ ਗ੍ਰਹਿ ਪੁੱਜਣ 'ਤੇ ਭਰਵਾ ਸਵਾਗਤ ਕੀਤਾ। ਕੁਲਤਾਰ ਸੰਧਵਾਂ ਨੇ ਮੰਗਾਂ ਤੇ ਸਮੱਸਿਆਵਾਂ ਸੁਣੀਆਂ ਤੇ ਦੱਸਿਆ ਕਿ ਕੁਲਵੰਤ ਸਿੰਘ ਰਾਮਗੜ੍ਹੀਆ ਨੇ ਲੰਮਾ ਸਮਾਂ ਬਸਪਾ ਵਿਚ ਡਿਊਟੀਆਂ ਨਿਭਾਈਆਂ ਤੇ ਆਮ ਆਦਮੀ ਪਾਰਟੀ ਦੀਆਂ ਲੋਕ ਹਿਤੂ ਨੀਤੀਆਂ ਤੋ ਪ੍ਰਭਾਵਿਤ ਹੋ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਹਾਜ਼ਰੀ ਵਿਚ ਮੋਗਾ ਹਲਕੇ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਦੀ ਪ੍ਰੇਰਨਾ ਸਦਮਾ ਆਮ ਆਦਮੀ ਪਾਰਟੀ ਵਿਚ ਸ਼ਮੂਲੀਅਤ ਕੀਤੀ। ਕੁਲਵੰਤ ਸਿੰਘ ਰਾਮਗੜ੍ਹੀਆ ਨੇ ਦੱਸਿਆ ਕਿ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਦੀ ਅਗਵਾਈ ਹੇਠ ਪਾਰਟੀ ਦੀਆਂ ਨੀਤੀਆਂ ਘਰ ਘਰ ਪਹੁੰਚਾਈਆਂ ਜਾ ਰਹੀਆਂ ਹਨ। ਇਸ ਮੌਕੇ ਮਨਜੀਤ ਸਿੰਘ ਜੱਬਲ, ਬਲਜੀਤ ਸਿੰਘ ਚਾਨੀ ਮੇਅਰ ਨਗਰ ਨਿਗਮ, ਪ੍ਰੇਮ ਚੰਦ ਚੱਕੀ ਵਾਲੇ ਸੀ. ਆਗੂ ਆਪ ਪਾਰਟੀ, ਦਲਜੀਤ ਸਿੰਘ ਫ਼ਤਿਹਗੜ੍ਹ ਕੋਰੋਟਾਨਾ, ਆਪ ਆਗੂ ਅਜੇ ਸ਼ਰਮਾ, ਹਰਮੇਲ ਸਿੰਘ ਡਰੋਲੀ ਪ੍ਰਧਾਨ ਰਾਮਗੜ੍ਹੀਆ, ਵੈੱਲਫੇਅਰ ਸੁਸਾਇਟੀ ਰਾਜ ਸਿੰਘ ਭਾਰਤ ਵਾਲੇ, ਚਰਨਜੀਤ ਸਿੰਘ ਝੰਡੇਆਣਾ ਰਾਮਗੜ੍ਹੀਆ ਸੰਗਠਨ ਅਹੁਦੇਦਾਰ, ਗੁਰਪ੍ਰੀਤਮ ਸਿੰਘ ਚੀਮਾ, ਸੁਰਿੰਦਰ ਸਿੰਘ ਭੁੱਲਰ, ਰਛਪਾਲ ਸਿੰਘ ਮਿਲਾਪ ਸਮੇਤ ਸੰਗਠਨ ਦੇ ਅਹੁਦੇਦਾਰ ਤੇ ਵਰਕਰ ਸ਼ਾਮਲ ਸਨ।

ਮੋਗਾ ਵਿਖੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਵਿਧਾਨ ਸਭਾ ਦਾ ਸਨਮਾਨ ਕਰਦੇ ਹੋਏ ਰਾਮਗੜ੍ਹੀਆ ਸੰਗਠਨ ਦੇ ਚੇਅਰਮੈਨ ਤੇ ਆਪ ਪਾਰਟੀ ਆਗੂ ਕੁਲਵੰਤ ਸਿੰਘ ਰਾਮਗੜ੍ਹੀਆ। ਤਸਵੀਰ : ਜਸਪਾਲ ਸਿੰਘ ਬੱਬੀ

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਦਾ ਸਵਾਗਤ ਕਰਦੇ ਹੋਏ ਸ਼ਰਧਾਲੂ। ਅਜੀਤ ਤਸਵੀਰ

ਧੱਲੇਕੇ 'ਚ ਛੱਠੀ ਮਈਆ ਦੀ ਪੂਜਾ ਕੀਤੀ

ਮੋਗਾ 'ਚ ਇਕ ਯਾਦਗਾਰ ਛੱਠ ਸਰੋਵਰ ਬਣਾਇਆ ਜਾਵੇਗਾ-ਡਾ. ਹਰਜੋਤ ਕਮਲ

ਮੋਗਾ, 28 ਅਕਤੂਬਰ (ਸੁਰਿੰਦਰਪਾਲ ਸਿੰਘ)-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਨੇ ਜ਼ੀਰਾ ਰੋਡ 'ਤੇ ਸਥਿਤ ਧੱਲੇਕੇ ਵਿਖੇ ਆਯੋਜਿਤ ਵਿਸ਼ਾਲ ਛੱਠ ਪੂਜਨ ਸਮਾਰੋਹ ਵਿਚ ਸ਼ਿਰਕਤ ਕੀਤੀ ਅਤੇ ਵਰਤ ਰੱਖਣ ਵਾਲਿਆਂ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਉਨ੍ਹਾਂ ਸੰਕਲਪ ਲਿਆ ਕਿ ਜੇਕਰ ਮੋਗਾ ਦੇ ਲੋਕ ਉਨ੍ਹਾਂ ਨੂੰ ਦੁਬਾਰਾ ਵਿਧਾਇਕ ਵਜੋਂ ਸੇਵਾ ਕਰਨ ਦਾ ਮੌਕਾ ਦਿੰਦੇ ਹਨ ਤਾਂ ਧੱਲੇਕੇ ਵਿਖੇ ਸਥਿਤ ਇਸ ਝੀਲ ਨੂੰ "ਯਾਦਗਾਰ ਛੱਠ ਸਰੋਵਰ" ਵਜੋਂ ਵਿਕਸਤ ਕੀਤਾ ਜਾਵੇਗਾ ਤਾਂ ਜੋ ਮੋਗਾ ਅਤੇ ਆਸ ਪਾਸ ਦੇ ਇਲਾਕਿਆਂ ਦੇ ਪਰਿਵਾਰ ਜੋ ਬਿਹਾਰ, ਝਾਰਖੰਡ ਅਤੇ ਪੂਰਬੀ ਉੱਤਰ ਪ੍ਰਦੇਸ਼ ਵਰਗੇ ਰਾਜਾਂ ਤੋਂ ਇੱਥੇ ਵਸੇ ਹਨ, ਹਰ ਸਾਲ ਇੱਥੇ ਛੱਠੀ ਮਈਆ ਦੀ ਪੂਜਾ ਆਪਣੀਆਂ ਪਰੰਪਰਾਵਾਂ ਅਤੇ ਰਿਵਾਜ਼ਾਂ ਅਨੁਸਾਰ ਸ਼ਰਧਾ ਨਾਲ ਕਰ ਸਕਣ। ਡਾ. ਕਮਲ ਨੇ ਕਿਹਾ ਕਿ ਹਰ ਸਾਲ ਛੱਠ ਤਿਉਹਾਰ ਦੌਰਾਨ, ਸੈਂਕੜੇ ਸ਼ਰਧਾਲੂ, ਪੁਰਸ਼ ਅਤੇ ਔਰਤਾਂ ਦੋਵੇਂ, ਇਸ ਝੀਲ 'ਤੇ ਇਕੱਠੇ ਹੁੰਦੇ ਹਨ, ਪਰ ਜ਼ਿਲ੍ਹਾ ਪ੍ਰਸ਼ਾਸਨ ਨੇ ਅਜੇ ਤੱਕ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਨਹੀਂ ਕੀਤੇ ਹਨ, ਨਾ ਹੀ ਰੌਸ਼ਨੀ, ਸਫ਼ਾਈ ਅਤੇ ਪੀਣ ਵਾਲੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਕੋਈ ਧਾਰਮਿਕ ਤਿਉਹਾਰ ਸਮਾਜਿਕ ਏਕਤਾ ਅਤੇ ਜਨਤਕ ਵਿਸ਼ਵਾਸ ਦਾ ਪ੍ਰਤੀਕ ਬਣ ਜਾਂਦਾ ਹੈ, ਤਾਂ ਇਸ ਦੀ ਸ਼ਾਨ ਅਤੇ ਵਿਵਸਥਾ ਨੂੰ ਯਕੀਨੀ ਬਣਾਉਣਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ। ਇਸ ਮੌਕੇ ਭਾਰਤੀ ਜਨਤਾ ਪਾਰਟੀ ਵਪਾਰ ਸੈੱਲ ਪੰਜਾਬ ਦੇ ਉਪ ਪ੍ਰਧਾਨ ਦੇਵ ਪ੍ਰੀਆ ਤਿਆਗੀ ਨੇ ਵੀ ਸ਼ਰਧਾਲੂਆਂ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਛਠੀ ਮਈਆ ਸਾਡੇ ਜੀਵਨ ਵਿਚ ਰੌਸ਼ਨੀ, ਊਰਜਾ ਅਤੇ ਚੰਗੀ ਕਿਸਮਤ ਲਿਆਉਂਦੀ ਹੈ। ਉਨ੍ਹਾਂ ਕਿਹਾ ਇਹ ਭਾਰਤ ਦੀ ਵਿਸ਼ੇਸ਼ਤਾ ਹੈ ਕਿ ਡੁੱਬਦੇ ਸੂਰਜ ਨੂੰ ਵੀ ਅਰਘ ਚੜ੍ਹਾਇਆ ਜਾਂਦਾ ਹੈ। ਪ੍ਰਬੰਧਕਾਂ ਅਤੇ ਸ਼ਰਧਾਲੂਆਂ ਨੇ ਡਾ. ਹਰਜੋਤ ਕਮਲ ਦਾ ਉਤਸ਼ਾਹ ਨਾਲ ਸਵਾਗਤ ਕੀਤਾ। ਜ਼ਿਕਰਯੋਗ ਹੈ ਕਿ ਪਹਿਲੀ ਵਾਰ ਕਿਸੇ ਰਾਸ਼ਟਰੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਨੇ ਛੱਠ ਪੂਜਾ ਵਰਗੇ ਵਿਸ਼ਵਾਸ ਦੇ ਤਿਉਹਾਰ ਵਿਚ ਹਿੱਸਾ ਲਿਆ ਹੈ। ਇਸ ਸਮਾਗਮ ਦੌਰਾਨ ਲੋਕ ਗੀਤਾਂ ਅਤੇ ਰਵਾਇਤੀ ਭਜਨਾਂ ਨਾਲ ਝੀਲ ਦਾ ਇਲਾਕਾ ਛਠੀ ਮਾਈਆ ਦੇ ਜੈਕਾਰਿਆਂ ਨਾਲ ਗੂੰਜ ਰਿਹਾ ਸੀ।

ਵੱਧ ਝੋਨਾ ਤੋਲੇ ਜਾਣ 'ਤੇ ਆੜ੍ਹਤੀਆਂ ਤੇ ਕਿਸਾਨਾਂ ਵਿਚਾਲੇ ਹੰਗਾਮਾ

ਕਿਸਾਨ ਆਗੂਆਂ ਨੇ ਵੱਧ ਝੋਨਾ ਤੋਲੇ ਜਾਣ 'ਤੇ ਹੰਗਾਮੀ ਮੀਟਿੰਗ ਸੱਦੀ, ਤਿੱਖਾ ਅੰਦੋਲਨ ਕਰਨ ਦੀ ਦਿੱਤੀ ਚਿਤਾਵਨੀ

ਸਿਰਸਾ, 28 ਅਕਤੂਬਰ (ਭੁਪਿੰਦਰ ਪੰਨੀਵਾਲੀਆ)- ਝੋਨੇ ਦੀ ਤੁਲਾਈ ਦੌਰਾਨ ਕਥਿਤ ਵੱਧ ਝੋਨਾ ਤੋਲੇ ਜਾਣ 'ਤੇ ਕਿਸਾਨਾਂ ਤੇ ਆੜ੍ਹਤੀਆਂ ਵਿਚਾਲੇ ਜੋਰਦਾਰ ਹੰਗਾਮਾ ਹੋਇਆ। ਕਿਸਾਨ ਆਗੂਆਂ ਨੇ ਤੁਲਾਈ ਦੌਰਾਨ ਵੱਧ ਝੋਨਾ ਤੋਲਣ ਦੇ ਦੋਸ਼ ਲਾਏ ਜਦੋਂਕਿ ਆੜ੍ਹਤੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੇ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨੇ ਵੱਧ ਝੋਨਾ ਤੋਲਣ ਤੋਂ ਇਨਕਾਰ ਕੀਤਾ ਹੈ।

ਹਰਿਆਣਾ ਕਿਸਾਨ ਮੰਚ ਦੇ ਜ਼ਿਲ੍ਹਾ ਪ੍ਰਧਾਨ ਬਾਬਾ ਗੁਰਦੀਪ ਸਿੰਘ ਨੇ ਦੱਸਿਆ ਹੈ ਕਿ ਕਿਸਾਨਾਂ ਵੱਲੋਂ ਝੋਨੇ ਦੀ ਤੁਲਾਈ ਵੇਲੇ ਵੱਧ ਝੋਨਾ ਤੋਲੇ ਜਾਣ ਦੀਆਂ ਸ਼ਿਕਾਇਤਾਂ ਮਿਲਣ ਮਗਰੋਂ ਮੰਚ ਦੇ ਆਗੂ ਤੇ ਕਈ ਕਿਸਾਨ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਮਾਰਕੀਟ ਕਮੇਟੀ ਦੇ ਕੰਡਿਆਂ ਜਰੀਏ ਤੋਲੇ ਝੋਨੇ ਦੀ ਜਦੋਂ ਦੁਬਾਰਾ ਤੁਲਾਈ ਕਰਵਾਈ ਗਈ ਤਾਂ ਕਈ ਥਾਂਈਂ ਪੰਜ ਸੌ ਤੋਂ ਸੱਤ ਸੌ ਗਰਾਮ ਤੱਕ ਪਰ ਬੋਰੀ ਵੱਧ ਭਾਰ ਮਿਲਿਆ। ਉਨ੍ਹਾਂ ਨੇ ਕਿਹਾ ਕਿ ਜਦੋਂ ਇਸ ਦਾ ਆੜ੍ਹਤੀਆਂ ਤੋਂ ਕਾਰਨ ਪੁਛਿਆ ਤਾਂ ਉਨ੍ਹਾਂ ਸਹੀ ਜੁਵਾਬ ਦੇਣ ਦੀ ਬਜਾਏ ਕਿਸਾਨ ਆਗੂਆਂ ਨਾਲ ਬਤਮੀਜੀ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਅਗਲੇ ਇਕ ਦੋ ਦਿਨਾਂ 'ਚ ਉਹ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨਾਲ ਮੀਟਿੰਗ ਕਰਕੇ ਕਿਸਾਨਾਂ ਦੀ ਹੁੰਦੀ ਇਸ ਲੁਟ ਨੂੰ ਰੁਕਵਾਉਣ ਦੀ ਤਿੱਖਾ ਅੰਦੋਲਨ ਕਰਨਗੇ। ਉਧਰ ਆੜ੍ਹਤੀ ਐਸੋਸੀਏਸ਼ਨ ਦੇ ਆਗੂਆਂ ਨੇ ਕਿਹਾ ਹੈ ਕਿ ਕਿਸੇ ਵੀ ਤੋਲੇ ਵੱਲੋਂ ਵੱਧ ਝੋਨਾ ਨਹੀਂ ਤੋਲਿਆ ਜਾ ਰਿਹਾ। ਉਨ੍ਹਾਂ ਨੇ ਕਿਹਾ ਕਿ ਝੋਨੇ ਵਿੱਚ ਹਾਲੇ ਨਮੀ ਕਾਫੀ ਹੈ ਜਿਸ ਕਾਰਨ ਝੋਨਾ ਕਿਸੇ ਬੋਰੀ ਵਿੱਚ ਜੇ ਸੌ ਗਰਾਮ ਵੱਧ ਤੋਲਿਆ ਵੀ ਗਿਆ ਹੈ ਤਾਂ ਉਹ ਬੋਰੀ 'ਚ ਕਾਫੀ ਸੁੱਕ ਜਾਂਦਾ ਹੈ ਕਿ ਆੜ੍ਹਤੀ ਤੇ ਪਲੇ ਪੈ ਜਾਂਦਾ ਹੈ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਕਿਸਾਨ ਨੇ ਨਾ ਤਾਂ ਝੋਨਾ ਵੱਧ ਤੋਲਣ ਦੀ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਕੋਲ ਸ਼ਿਕਾਇਤ ਕੀਤੀ ਹੈ ਤੇ ਨਾ ਹੀ ਆੜ੍ਹਤੀ ਐਸੋਸੀਏਸ਼ਨ ਕੋਲ। ਉਨ੍ਹਾਂ ਨੇ ਕਿਹਾ ਕਿ ਕੁਝ ਲੋਕ ਕਿਸਾਨ ਨੇਤਾ ਦੇ ਨਾਂ 'ਤੇ ਆਪਣੀ ਰਾਜਨੀਤੀ ਚਮਕਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨੂੰ ਆੜ੍ਹਤੀ ਐਸੋਸੀਏਸ਼ਨ ਕਿਸੇ ਵੀ ਸੂਰਤ 'ਚ ਬਰਦਾਸ਼ਤ ਨਹੀਂ ਕਰੇਗੀ। ਉਧਰ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਹਾਲੇ ਤੱਕ ਉਨ੍ਹਾਂ ਕੋਲ ਕਿਸੇ ਵੀ ਕਿਸਾਨ ਨੇ ਵੱਧ ਝੋਨਾ ਤੋਲੇ ਜਾਣ ਦੀ ਲਿਖਤ ਸ਼ਿਕਾਇਤ ਨਹੀਂ ਕੀਤੀ ਹੈ। ਜੇਕਰ ਕੋਈ ਕਿਸਾਨ ਸ਼ਿਕਾਇਤ ਕਰਦਾ ਹੈ ਤਾਂ ਉਸ ਦੀ ਪੂਰੀ ਜਾਂਚ ਕੀਤੀ ਜਾਵੇਗੀ ਤੇ ਦੋਸ਼ੀ ਪਾਏ ਜਾਣ ਵਾਲੇ ਆੜ੍ਹਤੀ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਜਨਮ ਦਿਨ ਮੁਬਾਰਕ

ਜਗਦੀਪ ਸਿੰਘ ਗਿੱਲ ਪਿਤਾ-ਲਖਵਿੰਦਰ ਸਿੰਘ ਗਿੱਲ ਮਾਤਾ-ਲਖਵੀਰ ਕੌਰ ਗਿੱਲ ਵਾਸੀ-ਮੋਗਾ।

ਹੜ੍ਹ ਪੀੜਤ ਕਿਸਾਨਾਂ ਦੀ ਫੜੀ ਬਾਂਹ

ਸਮਾਲਸਰ, 28 ਅਕਤੂਬਰ (ਗੁਰਜੰਟ ਕਲਸੀ ਲੰਡੇ)-ਸਮਾਲਸਰ ਸਮਾਜ ਸੇਵਾ ਸੰਮਤੀ ਅਤੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਬਾਘਾ ਪੁਰਾਣਾ ਇਕਾਈ ਸਮਾਲਸਰ ਦੀ ਸਮੂਹ ਟੀਮ ਵਲੋਂ ਸਮਾਲਸਰ ਦੇ ਸਮੂਹ ਐਨ. ਆਰ. ਆਈ. ਵੀਰਾਂ ਅਤੇ ਦਾਨੀ ਸੱਜਣ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਪਿੰਡ ਮੁੰਡੀ ਕਾਸੂ ਨੇੜੇ ਦਰਿਆ ਵਿਚ ਵਸੇ ਪਿੰਡ ਵਿਚ ਮੈਡੀਕਲ ਕੈਂਪ ਲਗਾਇਆ ਗਿਆ। ਇਸ ਸਮੇਂ 200 ਲੀਟਰ ਡੀਜ਼ਲ ਦੀ ਸੇਵਾ ਤੇਜਾ ਬਰਾੜ ਅਮਰੀਕਾ ਵਾਲਿਆਂ ਨੇ ਕੀਤੀ ਅਤੇ ਤੇਲ ਵੰਡਿਆ ਗਿਆ।

ਪ੍ਰਧਾਨ ਮੰਤਰੀ ਸੜਕ ਯੋਜਨਾ ਤਹਿਤ 8 ਸੜਕਾਂ 'ਚੋਂ 4 ਸੜਕਾਂ ਤਿਆਰ: ਡੋਡ

ਫ਼ਰੀਦਕੋਟ, 28 ਅਕਤੂਬਰ (ਜਸਵੰਤ ਸਿੰਘ ਪੁਰਬਾ)-ਪ੍ਰਧਾਨ ਮੰਤਰੀ ਸੜਕ ਯੋਜਨਾ ਸਕੀਮ ਤਹਿਤ 8 ਸੜਕਾਂ ਦੇ ਨੀਂਹ ਪੱਥਰ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖਾਲਸਾ ਵਲੋਂ ਰੱਖੇ ਗਏ ਸਨ ਜਿਨਾਂ 'ਚੋਂ ਚਾਰ ਸੜਕਾਂ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਬਾਕੀ ਸੜਕਾਂ ਦਾ ਕੰਮ ਚੱਲ ਰਿਹਾ ਹੈ। ਅੱਜ ਪਿੰਡ ਪੰਜਗਰਾਈਂ ਕਲਾਂ ਤੋਂ ਪਿੰਡ ਦੇਵੀਵਾਲਾ ਵਿਖੇ ਬਣ ਰਹੀ ਸੜਕ ਦੇ ਕੰਮ ਦਾ ਜਾਇਜ਼ਾ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖ਼ਾਲਸਾ ਦੇ ਪੀ.ਏ ਭਾਈ ਦਲੇਰ ਸਿੰਘ ਡੋਡ ਨੇ ਲਿਆ। ਉਨ੍ਹਾਂ ਦੱਸਿਆ ਕਿ ਲਗਪਗ ਸੜਕਾਂ ਦਾ ਕੰਮ ਮੁਕੰਮਲ ਹੋਣ ਵਾਲਾ ਹੈ। ਇਹ ਅੱਠ ਸੜਕਾਂ ਲਗਪਗ 95 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੀਆਂ ਹਨ ਜਿਸ ਨਾਲ ਪਿੰਡਾਂ ਦੇ ਲੋਕਾਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ ਕਿਉਂਕਿ ਟਰੈਫ਼ਿਕ ਬਹੁਤ ਜ਼ਿਆਦਾ ਵਧਣ ਕਾਰਨ ਲੋੜ ਸੀ ਕਿ ਸੜਕਾਂ ਚੌੜੀਆਂ ਕੀਤੀਆਂ ਜਾਣ। ਲੋਕਾਂ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਵਲੋਂ ਪਾਸ ਕਰਵਾਈਆਂ ਗਈਆਂ ਸਨ ਜਿਨਾਂ ਵਿਚੋਂ ਲਗਪਗ ਚਾਰ ਸੜਕਾਂ ਦਾ ਕੰਮ ਮੁਕੰਮਲ ਹੋ ਗਿਆ ਹੈ। ਇਸ ਨਾਲ ਕਿਸਾਨਾਂ ਦੀ ਜ਼ਮੀਨ ਦੀ ਕੀਮਤ ਵੀ ਵਧੇਗੀ। ਇਸ ਮੌਕੇ ਅਮਰੀਕ ਸਿੰਘ ਭੋਲੂਵਾਲਾ, ਲੱਖਾ ਸਿੰਘ ਔਲਖ, ਜਗਸੀਰ ਸਿੰਘ ਪੰਜਗਰਾਈਂ, ਗੁਰਪ੍ਰੀਤ ਸਿੰਘ ਸਿੱਖਾਂਵਾਲਾ, ਸੋਨਾ ਸਿੰਘ ਪੰਜਗਰਾਈਂ, ਬਲਕਰਨ ਸਿੰਘ ਦੇਵੀ ਵਾਲਾ ਹਾਜ਼ਰ ਸਨ।

ਪਿੰਡ ਸੰਧਵਾਂ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਹੋਏ ਸਪੀਕਰ ਕੁਲਤਾਰ ਸਿੰਘ ਸੰਧਵਾਂ। ਅਜੀਤ ਤਸਵੀਰ

ਪਿੰਡ ਸੰਧਵਾਂ ਵਿਖੇ ਸਪੀਕਰ ਵਿਧਾਨ ਸਭਾ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

ਫ਼ਰੀਦਕੋਟ, 28 ਅਕਤੂਬਰ (ਜਸਵੰਤ ਸਿੰ